City of Mississauga
300 City Centre Drive
Mississauga, ON L5B 3C1

# News Release

mississauga.ca facebook.com/citymississauga x.com/citymississauga

# Mississauga ਦੀਆਂ ਮਿਊਨਿਸਿਪਲ ਚੋਣਾਂ: ਸਾਡੀ ਕਮਿਊਨਿਟੀ ਨੂੰ ਬਿਹਤਰ ਬਣਾਉਣ ਦੀ ਸ਼ੁਰੂਆਤ ਤੁਹਾਡੇ ਨਾਲ ਹੁੰਦੀ ਹੈ

ਸੋਮਵਾਰ, 26 ਅਕਤੂਬਰ, 2026 ਨੂੰ Mississauga ਸ਼ਹਿਰ ਦੀਆਂ ਮਿਊਨਿਸਿਪਲ ਚੋਣਾਂ ਵਿੱਚ ਵੋਟ ਪਾ ਕੇ, ਤੁਸੀਂ ਸ਼ਹਿਰ ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੇ ਹੋ।

9 ਅਪ੍ਰੈਲ, 2026

ਬਹੁਤ ਸਾਰੇ ਲੋਕ ਪੁੱਛਦੇ ਹਨ, "ਮੈਂ ਵੋਟ ਕਿਉਂ ਪਾਵਾਂ?" ਜਦਕਿ ਦੂਜੇ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੀ ਵੋਟ ਕੋਈ ਮਾਇਨੇ ਨਹੀਂ ਰੱਖਦੀ। ਪਰ ਸਿਟੀ ਹਾਲ (City Hall) ਵਿੱਚ ਲਏ ਗਏ ਫੈਸਲੇ, ਤੁਹਾਡੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹਨ। ਜਦੋਂ ਤੁਸੀਂ ਮਿਊਨਿਸਿਪਲ ਚੋਣਾਂ ਵਿੱਚ ਵੋਟ ਪਾਉਂਦੇ ਹੋ, ਤਾਂ ਤੁਸੀਂ ਇਹ ਫੈਸਲਾ ਕਰਨ ਵਿੱਚ ਮਦਦ ਕਰਦੇ ਹੋ ਕਿ ਤੁਹਾਡੇ ਗੁਆਂਢ ਅਤੇ ਸ਼ਹਿਰ ਵਿੱਚ ਸਭ ਤੋਂ ਵੱਧ ਮਹੱਤਵਪੂਰਨ ਕੀ ਹੈ। ਜਦੋਂ ਤੁਸੀਂ ਵੋਟ ਪਾਉਂਦੇ ਹੋ, ਤਾਂ ਇਸਦਾ ਮਤਲਬ ਹੈ ਕਿ ਚੁਣੇ ਹੋਏ ਅਧਿਕਾਰੀ, Mississauga ਵਿੱਚ ਰਹਿਣ ਵਾਲੇ ਲੋਕਾਂ ਦੀ ਆਵਾਜ਼ ਹੁੰਦੇ ਹਨ।

## ਤੁਸੀਂ ਕਿਸ ਲਈ ਵੋਟ ਪਾ ਰਹੇ ਹੋ

Mississauga ਦੀਆਂ ਅਗਲੀਆਂ ਮਿਊਨਿਸਿਪਲ ਚੋਣਾਂ ਸੋਮਵਾਰ, 26 ਅਕਤੂਬਰ, 2026 ਨੂੰ ਹੋਣਗੀਆਂ। ਵੋਟਰ, 2026 ਤੋਂ 2030 ਤੱਕ ਦੀ ਸਿਟੀ ਅਤੇ ਰੀਜਨਲ ਕੌਂਸਲ (Regional Council) ਦੀ ਟਰਮ ਲਈ, ਮੇਅਰ ਅਤੇ 11 ਕੌਂਸਲਰਾਂ ਦੀ ਚੋਣ ਕਰਨਗੇ। ਹਰੇਕ ਕੌਂਸਲਰ, ਇੱਕ ਖਾਸ ਵਾਰਡ ਦੀ ਨੁਮਾਇੰਦਗੀ ਕਰਦਾ ਹੈ ਅਤੇ ਉਹਨਾਂ ਲੋਕਲ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਦਾ ਹੈ, ਜੋ ਨੇੜਲੇ ਆਂਢ-ਗੁਆਂਢਾਂ ਅਤੇ ਕਮਿਊਨਿਟੀਜ਼ ਨੂੰ ਪ੍ਰਭਾਵਿਤ ਕਰਦੇ ਹਨ।

ਜਦੋਂ ਤੁਸੀਂ ਵੋਟ ਪਾਉਂਦੇ ਹੋ, ਤਾਂ ਤੁਸੀਂ ਚੁਣੋਗੇ:

1. Mississauga ਦਾ ਮੇਅਰ
2. ਆਪਣਾ ਸਿਟੀ/ਰੀਜਨਲ ਕੌਂਸਲਰ
3. ਸਕੂਲ ਬੋਰਡ ਦੇ ਟਰੱਸਟੀ

## ਵੋਟਰਾਂ ਦੀ ਹਾਜ਼ਰੀ ਬਹੁਤ ਘਟ ਗਈ ਹੈ

Mississauga ਵਿੱਚ, ਹਾਲੀਆ ਮਿਊਨਿਸਿਪਲ ਚੋਣਾਂ ਵਿੱਚ ਬਹੁਤ ਘੱਟ ਲੋਕ ਵੋਟ ਪਾ ਰਹੇ ਹਨ। ਜਦੋਂ ਬਹੁਤ ਘੱਟ ਵਸਨੀਕ ਵੋਟ ਪਾਉਂਦੇ ਹਨ, ਤਾਂ ਥੋੜ੍ਹੇ ਜਿਹੇ ਵੋਟਰ ਹੀ ਇਹ ਫੈਸਲਾ ਕਰ ਲੈਂਦੇ ਹਨ ਕਿ ਪੂਰੇ ਸ਼ਹਿਰ ਦੀ ਨੁਮਾਇੰਦਗੀ ਕੌਣ ਕਰੇਗਾ। ਇਹ ਮਹੱਤਵਪੂਰਨ ਹੈ ਕਿ ਹਰ ਆਵਾਜ਼ ਸੁਣੀ ਜਾਵੇ। ਵੱਧ ਭਾਗੀਦਾਰੀ, ਭਰੋਸੇ ਨੂੰ ਮਜ਼ਬੂਤ ਕਰਨ, ਫੈਸਲੇ ਲੈਣ ਵਿੱਚ ਸੁਧਾਰ ਕਰਨ ਅਤੇ ਇਹ ਯਕੀਨੀ

ਬਣਾਉਣ ਵਿੱਚ ਮਦਦ ਕਰਦੀ ਹੈ ਕਿ ਵਧੇਰੇ ਆਵਾਜ਼ਾਂ ਦੀ ਨੁਮਾਇੰਦਗੀ ਹੋਵੇ।

## ਨੁਮਾਇੰਦਗੀ ਕਿਉਂ ਮਾਇਨੇ ਰੱਖਦੀ ਹੈ

ਹਰ ਚਾਰ ਸਾਲਾਂ ਬਾਅਦ, ਵਸਨੀਕਾਂ ਨੂੰ Mississauga ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਦਾ ਮੌਕਾ ਮਿਲਦਾ ਹੈ। ਵੋਟ ਪਾਉਣਾ, ਉਹਨਾਂ ਫੈਸਲਿਆਂ ਵਿੱਚ ਆਪਣੀ ਗੱਲ ਰੱਖਣ ਦੇ ਸਭ ਤੋਂ ਸਿੱਧੇ ਤਰੀਕਿਆਂ ਵਿੱਚੋਂ ਇੱਕ ਹੈ, ਜੋ ਤੁਹਾਡੀ ਰੋਜ਼ਾਨਾ ਜ਼ਿੰਦਗੀ ਨੂੰ ਪ੍ਰਭਾਵਿਤ ਕਰਦੇ ਹਨ।
ਵੋਟਿੰਗ ਰਾਹੀਂ Mississauga ਦੇ ਮੇਅਰ, ਸਿਟੀ/ਰੀਜਨਲ ਕੌਂਸਲਰਾਂ ਅਤੇ ਸਕੂਲ ਬੋਰਡ ਦੇ ਟਰੱਸਟੀਆਂ ਦੀ ਚੋਣ ਹੁੰਦੀ ਹੈ, ਜੋ ਉਹਨਾਂ ਸੇਵਾਵਾਂ ਬਾਰੇ ਫੈਸਲੇ ਲੈਂਦੇ ਹਨ, ਜਿਨ੍ਹਾਂ ਦੀ ਤੁਸੀਂ ਹਰ ਰੋਜ਼ ਵਰਤੋਂ ਕਰਦੇ ਹੋ, ਭਾਵੇਂ ਤੁਸੀਂ ਇਸ ਵੱਲ ਧਿਆਨ ਨਾ ਦਿਓ।

ਜਦੋਂ ਤੁਸੀਂ ਆਪਣੇ ਘਰ ਤੋਂ ਬਾਹਰ ਨਿਕਲਦੇ ਹੋ, ਤਾਂ ਤੁਸੀਂ ਸਿਟੀ ਕੌਂਸਲ (City Council) ਦੇ ਫੈਸਲਿਆਂ ਦੁਆਰਾ ਤਿਆਰ ਹੋਈਆਂ ਸੇਵਾਵਾਂ ਦੀ ਵਰਤੋਂ ਕਰ ਰਹੇ ਹੁੰਦੇ ਹੋ।
ਸ਼ਹਿਰ ਬਹੁਤ ਸਾਰੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ, ਜਿਸ ਵਿੱਚ ਸੜਕਾਂ ਦੀ ਮੁਰੰਮਤ, ਬਰਫ਼ ਹਟਾਉਣਾ, ਟ੍ਰਾਂਜ਼ਿਟ ਸਟੌਪਸ, ਪਾਰਕ ਅਤੇ ਮਨੋਰੰਜਨ ਦੇ ਪ੍ਰੋਗਰਾਮ ਸ਼ਾਮਲ ਹਨ। ਇਹਨਾਂ ਸਾਰਿਆਂ ਦੀ ਯੋਜਨਾਬੰਦੀ ਅਤੇ ਪ੍ਰਬੰਧ ਉਹਨਾਂ ਲੋਕਾਂ ਦੁਆਰਾ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਤੁਸੀਂ ਚੁਣਦੇ ਹੋ।

ਸਿਟੀ ਕੌਂਸਲ ਉਹ ਫੈਸਲੇ ਲੈਂਦੀ ਹੈ, ਜੋ ਇਸ ਗੱਲ 'ਤੇ ਪ੍ਰਭਾਵ ਪਾਉਂਦੇ ਹਨ ਕਿ ਆਂਢ-ਗੁਆਂਢ ਕਿਵੇਂ ਵਧਦੇ ਹਨ ਅਤੇ ਪੂਰੇ Mississauga ਵਿੱਚ ਸੇਵਾਵਾਂ ਕਿਵੇਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

## Mississauga ਦੀਆਂ ਅਗਲੀਆਂ ਚੋਣਾਂ ਨੂੰ ਵੇਖਦੇ ਹੋਏ

ਜਿਵੇਂ-ਜਿਵੇਂ 2026 ਦੀਆਂ ਮਿਊਨਿਸਿਪਲ ਚੋਣਾਂ ਨੇੜੇ ਆ ਰਹੀਆਂ ਹਨ, ਤੁਹਾਡੀ ਭਾਗੀਦਾਰੀ ਪਹਿਲਾਂ ਨਾਲੋਂ ਕਿਤੇ ਵੱਧ ਮਾਇਨੇ ਰੱਖਦੀ ਹੈ। ਹਰ ਵੋਟ ਕਮਿਊਨਿਟੀ ਦੀ ਆਵਾਜ਼ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਲਏ ਗਏ ਫੈਸਲੇ ਇੱਥੇ ਰਹਿਣ ਵਾਲੇ ਲੋਕਾਂ ਦੀ ਆਵਾਜ਼ ਨੂੰ ਦਰਸਾਉਂਦੇ ਹਨ।

Mississauga ਦੇ ਭਵਿੱਖ ਨੂੰ ਬਿਹਤਰ ਬਣਾਉਣ ਵਿੱਚ ਹਿੱਸਾ ਲੈਣ ਦੇ ਸਭ ਤੋਂ ਸਿੱਧੇ ਤਰੀਕਿਆਂ ਵਿੱਚੋਂ ਇੱਕ ਵੋਟ ਪਾਉਣਾ ਹੈ। ਬਦਲਾਅ ਕਿਸੇ ਹੋਰ ਨਾਲ ਸ਼ੁਰੂ ਨਹੀਂ ਹੁੰਦਾ। ਇਹ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਤੁਸੀਂ ਆਉਂਦੇ ਹੋ, ਆਪਣੀ ਆਵਾਜ਼ ਚੁੱਕਦੇ ਹੋ, ਅਤੇ ਵੋਟ ਪਾਉਂਦੇ ਹੋ। ਹਰ ਯੋਗ ਵੋਟਰ ਕੋਲ, Mississauga ਦੇ ਅਗਲੇ ਚੈਪਟਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨ ਦੀ ਤਾਕਤ ਹੈ।

## ਹੋਰ ਜਾਣੋ

Mississauga ਦੀਆਂ 2026 ਦੀਆਂ ਮਿਊਨਿਸਿਪਲ ਚੋਣਾਂ ਵਿੱਚ ਵੋਟਿੰਗ ਬਾਰੇ ਜਾਣਕਾਰੀ ਲਈ, ਜਿਸ ਵਿੱਚ ਨਵੇਂ ਅਪਡੇਟਸ ਵੀ ਸ਼ਾਮਲ ਹਨ, mississauga.ca/election 'ਤੇ ਜਾਓ।

- *ਮਿਊਨਿਸਿਪਲ ਇਲੈਕਸ਼ਨਸ ਐਕਟ, 1996 (Municipal Elections Act, 1996)*
- ਵੋਟਰਾਂ ਲਈ ਜਾਣਕਾਰੀ (Information for voters)
- ਉਮੀਦਵਾਰਾਂ ਲਈ ਜਾਣਕਾਰੀ (Information for candidates)
- ਵੋਟ ਪਾਉਣ ਤੋਂ ਪਹਿਲਾਂ (Before you vote)

ਸਵਾਲਾਂ ਲਈ, ਇਲੈਕਸ਼ਨ ਆਫਿਸ (Election Office) ਨਾਲ 905-615-8683 'ਤੇ ਸੰਪਰਕ ਕਰੋ ਜਾਂ election.office@mississauga.ca 'ਤੇ ਈਮੇਲ ਕਰੋ।